## ਵਿਸ਼ਵਵਿਆਪੀ ਸਿਹਤ ਸੰਭਾਲ ਵਿੱਚ ਭਾਰਤ ਦਾ ਫਾਰਮਾਸਿਊਟੀਕਲ ਸੈਕਟਰ

## "ਘਰੇਲੂ ਉਤਪਾਦਨ ਤੋਂ ਅੰਤਰਰਾਸ਼ਟਰੀ ਬਜ਼ਾਰ ਤੱਕ"

| Key Takeaways |
|---|
| • The Indian pharmaceutical industry is the **3rd-largest globally by volume and the 11th-largest by value.** |
| • **The domestic market size is USD 60 billion,** projected to reach **USD 130 billion by** 2030. |
| • **The annual turnover of the Pharma sector reached Rs. 4.72 lakh crore in FY25.** |
| • India currently ranks **11th globally** by value in pharmaceutical exports, with exports to **191 countries** in **2024-25.** |
| • **Pharma exports** stood at **USD 30.5 billion,** a nearly 16-fold increase from **USD 1.9 billion** in **2000-01.** |
| • **FDI inflows Rs. 13,193 Crore** for the current financial year **2025-26 (up to September)** |
| • **In the Union Budget 2026-27, Biopharma SHAKTI** has been proposed to position India as a global biopharmaceutical manufacturing hub with a total outlay of **Rs. 10,000 Crore over** the **next five years.** |

### ਜਾਣ-ਪਛਾਣ - ਜਨਤਕ ਸਿਹਤ ਨੂੰ ਆਰਥਿਕ ਤਰੱਕੀ ਨਾਲ ਜੋੜਨਾ

ਸਿਹਤ ਆਰਥਿਕ ਵਿਕਾਸ ਦੇ ਲਈ ਪ੍ਰੇਰਕ ਅਤੇ ਨਤੀਜੇ ਦੋਵਾਂ ਦੀ ਹੀ ਭੂਮਿਕਾ ਨਿਭਾਉਂਦੀ ਹੈ ਅਤੇ ਫਾਰਮਾਸਿਊਟੀਕਲ ਉਦਯੋਗ ਇਸ ਸਬੰਧ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਜ਼ਰੂਰੀ ਦਵਾਈਆਂ ਅਤੇ ਟੀਕਿਆਂ ਦੀ ਉਪਲਬਧਤਾ ਨੂੰ ਯਕੀਨੀ ਬਣਾ ਕੇ, ਇਹ ਉਦਯੋਗ ਜਨਤਕ ਸਿਹਤ ਦੇ ਨਤੀਜਿਆਂ ਅਤੇ ਸਮਾਜਿਕ ਤੰਦਰੁਸਤੀ ਨੂੰ ਬਿਹਤਰ ਬਣਾਉਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ; ਨਾਲ ਹੀ, ਇਹ ਰੁਜ਼ਗਾਰ ਦੇ ਮੌਕੇ ਵੀ ਪੈਦਾ ਕਰਦਾ ਹੈ, ਸਪਲਾਈ ਚੇਨ ਨੂੰ ਮਜ਼ਬੂਤ ਕਰਦਾ ਹੈ ਅਤੇ ਵਿਆਪਕ ਸਮਾਜਿਕ-ਆਰਥਿਕ ਵਿਕਾਸ ਵਿੱਚ ਆਪਣਾ ਯੋਗਦਾਨ ਦਿੰਦਾ ਹੈ। ਸਮੇਂ ਦੇ ਨਾਲ, ਭਾਰਤੀ ਫਾਰਮਾਸਿਊਟੀਕਲ ਉਦਯੋਗ ਦੁਨੀਆ ਦੇ ਸਭ ਤੋਂ ਵਿਲੱਖਣ ਅਤੇ ਸਮਾਜਿਕ ਤੌਰ 'ਤੇ ਮਹੱਤਵਪੂਰਨ ਖੇਤਰਾਂ ਵਿੱਚੋਂ ਇੱਕ ਵਜੋਂ ਉਭਰਿਆ ਹੈ, ਜਿਸ ਨਾਲ ਭਾਰਤ ਨੂੰ ਵਿਸ਼ਵ ਪੱਧਰ 'ਤੇ ਸਭ ਤੋਂ ਵੱਡੇ ਅਤੇ ਸਭ ਤੋਂ ਵੱਧ ਤਕਨੀਕੀ ਤੌਰ 'ਤੇ ਉੱਨਤ ਫਾਰਮਾਸਿਊਟੀਕਲ ਉਤਪਾਦਕਾਂ ਵਿੱਚੋਂ ਇੱਕ ਵਜੋਂ ਸਥਾਪਿਤ ਕੀਤਾ ਗਿਆ ਹੈ।

### ਵਿਸ਼ਵ ਫਾਰਮਾਸਿਊਟਿਕਲਦਵਾਈ ਬਜ਼ਾਰ ਵਿੱਚ ਭਾਰਤ

"ਦੁਨੀਆ ਦੀ ਫਾਰਮੇਸੀ" ਵਜੋਂ ਜਾਣਿਆ ਜਾਂਦਾ, ਭਾਰਤ ਦਾ ਫਾਰਮਾਸਿਊਟੀਕਲ ਉਦਯੋਗ ਕਿਫਾਇਤੀ ਕੀਮਤਾਂ ਅਤੇ ਯਕੀਨੀ ਗੁਣਵੱਤਾ ਦਾ ਇੱਕ ਵਿਲੱਖਣ ਸੁਮੇਲ ਪੇਸ਼ ਕਰਦਾ ਹੈ, ਜਿਸ ਨਾਲ ਭਾਰਤੀ ਦਵਾਈਆਂ ਵਿਸ਼ਵਵਿਆਪੀ ਬਜ਼ਾਰਾਂ ਵਿੱਚ ਇੱਕ ਵਿਆਪਕ ਪਸੰਦੀਦਾ ਵਿਕਲਪ ਬਣ ਜਾਂਦੀਆਂ ਹਨ। ਇੱਕ ਮਜ਼ਬੂਤ ਵਿਗਿਆਨਕ ਕਾਰਜਬਲ ਅਤੇ ਵੱਡੇ ਪੱਧਰ 'ਤੇ ਉਤਪਾਦਨ ਸਮਰੱਥਾਵਾਂ ਦੁਆਰਾ ਸਮਰਥਿਤ, ਲਾਗਤ-ਕੁਸ਼ਲ ਨਿਰਮਾਣ ਪ੍ਰਕਿਰਿਆਵਾਂ ਨੇ ਗੁਣਵੱਤਾ ਦੀਆਂ ਮਿਆਰਾਂ ਨਾਲ ਸਮਝੌਤਾ ਕੀਤੇ ਬਿਨਾਂ ਜ਼ਰੂਰੀ ਦਵਾਈਆਂ ਦੀ ਨਿਰੰਤਰ ਸਪਲਾਈ ਨੂੰ ਯਕੀਨੀ ਬਣਾਇਆ ਹੈ।

ਭਾਰਤੀ ਫਾਰਮਾਸਿਊਟੀਕਲ ਉਦਯੋਗ 3,000 ਤੋਂ ਵੱਧ ਕੰਪਨੀਆਂ ਅਤੇ 10,500 ਨਿਰਮਾਣ ਇਕਾਈਆਂ ਦੇ ਨਾਲ, ਮਾਤਰਾ ਦੇ ਹਿਸਾਬ ਨਾਲ ਦੁਨੀਆ ਵਿੱਚ ਤੀਜੇ ਅਤੇ ਮੁੱਲ ਦੇ ਹਿਸਾਬ ਨਾਲ 11ਵੇਂ ਸਥਾਨ 'ਤੇ ਹੈ। ਘਰੇਲੂ ਫਾਰਮਾਸਿਊਟੀਕਲ ਬਜ਼ਾਰ, ਜਿਸਦੀ ਮੌਜੂਦਾ ਕੀਮਤ 60 ਅਰਬ ਅਮਰੀਕੀ ਡਾਲਰ ਹੈ, 2030 ਤੱਕ 130 ਅਰਬ ਅਮਰੀਕੀ ਡਾਲਰ ਤੱਕ ਪਹੁੰਚਣ ਦਾ ਅਨੁਮਾਨ ਹੈ। ਆਰਥਿਕ ਸਰਵੇਖਣ 2025-26 ਦੇ ਅਨੁਸਾਰ, ਵਿੱਤੀ ਵਰ੍ਹੇ 2024-25 ਵਿੱਚ ਇਸ ਖੇਤਰ ਦਾ ਸਲਾਨਾ ਕਾਰੋਬਾਰ 4.72 ਲੱਖ ਕਰੋੜ ਰੁਪਏ ਰਿਹਾ, ਜਿਸ ਵਿੱਚ ਪਿਛਲੇ ਦਹਾਕੇ (ਵਿੱਤੀ ਵਰ੍ਹੇ 15 ਤੋਂ ਵਿੱਤੀ ਵਰ੍ਹੇ 25) ਦੌਰਾਨ ਨਿਰਯਾਤ ਵਿੱਚ 7 ਪ੍ਰਤੀਸ਼ਤ ਦੀ ਮਿਸ਼ਰਿਤ ਸਲਾਨਾ ਵਿਕਾਸ ਦਰ (ਸੀਏਜੀਆਰ) ਦਰਜ ਕੀਤੀ ਗਈ ਹੈ। ਭਾਰਤ ਦੁਨੀਆ ਵਿੱਚ ਜੈਨਰਿਕ ਦਵਾਈਆਂ ਦਾ ਸਭ ਤੋਂ ਵੱਡਾ ਸਪਲਾਇਰ ਹੈ, ਜੋ ਕਿ ਵਿਸ਼ਵਵਿਆਪੀ ਸਪਲਾਈ ਦਾ ਲਗਭਗ 20 ਪ੍ਰਤੀਸ਼ਤ ਹੈ ਅਤੇ 60 ਚਿਕਿਤਸਾ ਸ਼੍ਰੇਣੀਆਂ ਵਿੱਚ ਲਗਭਗ 60,000 ਜੈਨਰਿਕ ਬ੍ਰਾਂਡਾਂ ਦਾ ਨਿਰਮਾਣ ਕਰਦਾ ਹੈ। ਕਿਫਾਇਤੀ ਐੱਚਆਈਵੀ ਇਲਾਜ ਤੱਕ ਪਹੁੰਚ ਦਾ ਵਿਸਤਾਰ ਕਰਕੇ ਅਤੇ ਲਾਗਤ-ਪ੍ਰਭਾਵਸ਼ਾਲੀ ਟੀਕਿਆਂ ਦੇ ਇੱਕ ਪ੍ਰਮੁੱਖ ਗਲੋਬਲ ਸਪਲਾਇਰ ਵਜੋਂ ਉਭਰ ਕੇ, ਫਾਰਮਾਸਿਊਟੀਕਲ ਉਦਯੋਗ ਆਰਥਿਕ ਮੌਕੇ ਪੈਦਾ ਕਰਨ ਦੇ ਨਾਲ-ਨਾਲ ਘਰੇਲੂ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਜਨਤਕ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਲਗਾਤਾਰ ਯੋਗਦਾਨ ਦੇ ਰਿਹਾ ਹੈ।




ਭਾਰਤ ਵਿੱਚ ਸੰਯੁਕਤ ਰਾਜ ਅਮਰੀਕਾ ਤੋਂ ਬਾਹਰ ਯੂਐੱਸਐੱਫਡੀਏ ਦੁਆਰਾ ਪ੍ਰਵਾਨਿਤ ਨਿਰਮਾਣ ਪਲਾਂਟਾਂ ਦੀ ਗਿਣਤੀ ਸਭ ਤੋਂ ਵੱਧ ਹੈ, ਜੋ ਕਿ ਭਾਰਤੀ ਦਵਾਈਆਂ ਦੀ ਸੁਰੱਖਿਆ ਅਤੇ ਗੁਣਵੱਤਾ ਵਿੱਚ ਅੰਤਰਰਾਸ਼ਟਰੀ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਦਾ ਹੈ। ਦੇਸ਼ ਵਿੱਚ ਲਗਭਗ 500 ਸਰਗਰਮ ਫਾਰਮਾਸਿਊਟੀਕਲ ਸਮੱਗਰੀ (ਏਪੀਆਈ) ਨਿਰਮਾਤਾ ਹਨ, ਜੋ ਕਿ ਵਿਸ਼ਵਵਿਆਪੀ ਏਪੀਆਈ ਉਦਯੋਗ 'ਚ ਲਗਭਗ 8 ਪ੍ਰਤੀਸ਼ਤ ਦੀ ਹਿੱਸੇਦਾਰੀ ਰੱਖਦੇ ਹਨ।

## ਫਾਰਮਾ ਨਿਰਯਾਤ - ਵਿਸ਼ਵਵਿਆਪੀ ਪਹੁੰਚ ਅਤੇ ਨਿਵੇਸ਼ ਵਿੱਚ ਵਾਧਾ

ਭਾਰਤ ਡਿਪਥੀਰੀਆ, ਟੈਟਨਸ ਅਤੇ ਪਰਟੂਸਿਸ (ਡੀਪੀਟੀ), ਬੈਸਿਲਸ ਕੈਲਮੇਟ-ਗੁਏਰਿਨ (ਬੀਸੀਜੀ), ਅਤੇ ਖਸਰਾ ਟੀਕਿਆਂ ਦੀ ਸਪਲਾਈ ਵਿੱਚ ਵਿਸ਼ਵ ਪੱਧਰ 'ਤੇ ਮੋਹਰੀ ਦੇਸ਼ਾਂ ਵਿੱਚੋਂ ਇੱਕ ਹੈ। ਭਾਰਤੀ ਨਿਰਮਾਤਾ ਸੰਯੁਕਤ ਰਾਸ਼ਟਰ ਅੰਤਰਰਾਸ਼ਟਰੀ ਬੱਚਿਆਂ ਦੇ ਐਮਰਜੈਂਸੀ ਫੰਡ (ਯੂਨੀਸੈਫ) ਨੂੰ ਲਗਭਗ 60 ਪ੍ਰਤੀਸ਼ਤ ਟੀਕੇ ਸਪਲਾਈ ਕਰਦੇ ਹਨ, ਡਿਪਥੀਰੀਆ (ਡੀਪੀਟੀ) ਅਤੇ ਬੀਸੀਜੀ ਟੀਕਿਆਂ ਦੀ 40-70 ਪ੍ਰਤੀਸ਼ਤ ਵਿਸ਼ਵਵਿਆਪੀ ਮੰਗ ਨੂੰ ਪੂਰਾ ਕਰਦੇ ਹਨ ਅਤੇ ਵਿਸ਼ਵ ਸਿਹਤ ਸੰਗਠਨ ਦੀ ਖਸਰਾ ਟੀਕੇ ਦੀ 90 ਪ੍ਰਤੀਸ਼ਤ ਮੰਗ ਨੂੰ ਪੂਰਾ ਕਰਦੇ ਹਨ। ਇਹ ਭਾਰਤੀ ਫਾਰਮਾਸਿਊਟੀਕਲ ਨਿਰਯਾਤ ਦੀ ਤਾਕਤ ਅਤੇ ਵਿਸ਼ਵ ਸਿਹਤ ਸੰਭਾਲ ਸਪਲਾਈ ਨੈਟਵਰਕ ਵਿੱਚ ਉਨ੍ਹਾਂ ਦੇ ਵਿਆਪਕ ਏਕੀਕਰਨ ਨੂੰ ਰੇਖਾਂਕਿਤ ਕਰਦਾ ਹੈ।

## ਨਿਰਯਾਤ ਪ੍ਰਦਰਸ਼ਨ



ਆਰਥਿਕ ਸਰਵੇਖਣ 2025-26 ਦੇ ਅਨੁਸਾਰ, ਭਾਰਤ ਵਰਤਮਾਨ ਵਿੱਚ ਮੁੱਲ ਦੇ ਹਿਸਾਬ ਨਾਲ ਦਵਾਈਆਂ ਦੇ ਨਿਰਯਾਤ ਵਿੱਚ ਵਿਸ਼ਵ ਪੱਧਰ 'ਤੇ 11ਵੇਂ ਸਥਾਨ 'ਤੇ ਹੈ। ਵਰ੍ਹੇ 2024-25 ਵਿੱਚ, ਭਾਰਤ ਨੇ 191 ਦੇਸ਼ਾਂ ਨੂੰ ਨਿਰਯਾਤ ਕੀਤਾ, ਜਿਸ ਵਿੱਚੋਂ 50 ਪ੍ਰਤੀਸ਼ਤ ਨਿਰਯਾਤ ਸੰਯੁਕਤ ਰਾਜ ਅਮਰੀਕਾ ਅਤੇ ਯੂਰੋਪ ਵਰਗੇ ਉੱਚ ਨਿਯੰਤ੍ਰਿਤ ਬਜ਼ਾਰਾਂ ਨੂੰ ਗਿਆ। ਇਹ ਭਾਰਤੀ ਦਵਾਈਆਂ ਦੀ ਵਿਆਪਕ ਅੰਤਰਰਾਸ਼ਟਰੀ ਸਵੀਕ੍ਰਿਤੀ ਨੂੰ ਦਰਸਾਉਂਦਾ ਹੈ। ਵਰ੍ਹੇ 2024-25 ਵਿੱਚ, ਫਾਰਮਾ ਨਿਰਯਾਤ 30.5 ਅਰਬ ਅਮਰੀਕੀ ਡਾਲਰ ਰਿਹਾ, ਜੋ ਕਿ 2000-01 ਵਿੱਚ 1.9 ਅਰਬ ਅਮਰੀਕੀ ਡਾਲਰ ਤੋਂ ਲਗਭਗ 16 ਗੁਣਾ ਵੱਧ ਹੈ। ਨਿਰਯਾਤ ਦੀ ਇਹ ਗਤੀ ਮਹੀਨਾ-ਦਰ-ਮਹੀਨਾ ਮਜ਼ਬੂਤ ਰਹੀ ਹੈ, ਜਿੱਥੇ ਦਵਾਈਆਂ ਅਤੇ ਫਾਰਮਾਸਿਊਟੀਕਲਜ਼ ਦਾ ਨਿਰਯਾਤ ਜਨਵਰੀ 2025 ਵਿੱਚ 2.59 ਅਰਬ ਅਮਰੀਕੀ ਡਾਲਰ ਤੋਂ ਲਗਭਗ 2.70 ਪ੍ਰਤੀਸ਼ਤ ਵਧ ਕੇ ਜਨਵਰੀ 2026 ਵਿੱਚ 2.66 ਅਰਬ ਅਮਰੀਕੀ ਡਾਲਰ ਹੋ ਗਿਆ ਹੈ। ਇਸ ਤੋਂ ਇਲਾਵਾ, ਮੈਡੀਕਲ ਉਪਕਰਣਾਂ ਦੇ ਨਿਰਯਾਤ ਵਿੱਚ ਵੀ ਮਹੱਤਵਪੂਰਨ ਵਾਧਾ ਹੋਇਆ ਹੈ, 2020-21 ਵਿੱਚ 2.5 ਅਰਬ ਅਮਰੀਕੀ ਡਾਲਰ ਤੋਂ 2024-25 ਵਿੱਚ 4.1 ਅਰਬ ਅਮਰੀਕੀ ਡਾਲਰ ਤੱਕ ਪਹੁੰਚ ਗਿਆ ਹੈ। ਇਨ੍ਹਾਂ ਨੂੰ ਵਿੱਤੀ ਵਰ੍ਹੇ 2025 ਵਿੱਚ 187 ਦੇਸ਼ਾਂ ਵਿੱਚ ਨਿਰਯਾਤ ਕੀਤਾ ਗਿਆ।







ਭਾਰਤ ਦੇ ਫਾਰਮਾਸਿਊਟੀਕਲ ਸੈਕਟਰ ਨੇ ਵਧ ਰਹੇ ਨਿਰਯਾਤ ਅਤੇ ਸਥਿਰ ਵਿਦੇਸ਼ੀ ਨਿਵੇਸ਼ ਰਾਹੀਂ ਆਪਣੀ ਵਿਸ਼ਵਵਿਆਪੀ ਮੌਜੂਦਗੀ ਦਾ ਵਿਸਥਾਰ ਕੀਤਾ ਹੈ, ਜੋ ਕਿ ਇਸ ਦੇ ਨਿਰਮਾਣ ਅਤੇ ਰੈਗੂਲੇਟਰੀ ਮਿਆਰਾਂ ਵਿੱਚ ਮਜ਼ਬੂਤ ਅੰਤਰਰਾਸ਼ਟਰੀ ਵਿਸ਼ਵਾਸ ਦਾ ਸੰਕੇਤ ਹੈ। ਸਮੂਹਿਕ ਤੌਰ 'ਤੇ, ਇਹ ਤਾਕਤਾਂ ਭਾਰਤ ਨੂੰ ਗੁਣਵੱਤਾ ਅਤੇ ਕਿਫਾਇਤੀ ਦਵਾਈਆਂ ਦੇ ਇੱਕ ਭਰੋਸੇਮੰਦ ਸਪਲਾਇਰ ਵਜੋਂ ਸਥਾਪਿਤ ਕਰਦੀਆਂ ਹਨ ਅਤੇ ਇਸਦੇ ਨਿਰੰਤਰ ਨਿਰਯਾਤ-ਅਗਵਾਈ ਵਾਲੇ ਵਿਕਾਸ ਨੂੰ

**ਸਿੱਧਾ ਵਿਦੇਸ਼ੀ ਨਿਵੇਸ਼**

ਭਾਰਤੀ ਫਾਰਮਾਸਿਊਟੀਕਲ ਸੈਕਟਰ ਵਿਦੇਸ਼ੀ ਨਿਵੇਸ਼ਕਾਂ ਲਈ ਤਰਜੀਹੀ ਸਥਾਨ ਵਜੋਂ ਉੱਭਰਿਆ ਹੈ ਅਤੇ ਇਹ ਭਾਰਤ ਵਿੱਚ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨ ਵਾਲੇ ਚੋਟੀ ਦੇ 10 ਉਦਯੋਗਾਂ ਵਿੱਚੋਂ ਇੱਕ ਹੈ। ਮੌਜੂਦਾ ਵਿੱਤੀ ਵਰ੍ਹੇ 2025-26 (ਸਤੰਬਰ ਤੱਕ) ਵਿੱਚ ਦਵਾਈਆਂ ਅਤੇ ਫਾਰਮਾਸਿਊਟੀਕਲਜ਼ ਵਿੱਚ ਵਿਦੇਸ਼ੀ ਨਿਵੇਸ਼ ਦਾ ਪ੍ਰਵਾਹ 13,193 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਇਹ ਵੱਧਦੀ ਉਤਪਾਦਨ ਸਮਰੱਥਾ, ਰੈਗੂਲੇਟਰੀ ਸਥਿਰਤਾ ਅਤੇ ਵਿਸ਼ਵਵਿਆਪੀ ਨਿਰਮਾਣ ਕੇਂਦਰ ਵਜੋਂ ਭਾਰਤ ਦੀ ਸਥਿਤੀ ਦੁਆਰਾ ਸੰਚਾਲਿਤ ਵਧ ਰਹੇ ਨਿਵੇਸ਼ਕਾਂ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ।

**ਵਪਾਰ ਸਮਝੌਤਿਆਂ ਰਾਹੀਂ ਭਾਰਤ ਦੇ ਫਾਰਮਾਸਿਊਟੀਕਲ ਅਤੇ ਮੈਡੀਕਲ ਡਿਵਾਈਸ ਨਿਰਯਾਤ ਨੂੰ ਵਧਾਉਣਾ**

ਭਾਰਤ ਦੇ ਵਪਾਰ ਸਮਝੌਤਿਆਂ ਦਾ ਵੱਧਦਾ ਨੈੱਟਵਰਕ, ਫਾਰਮਾਸਿਊਟੀਕਲ ਅਤੇ ਮੈਡੀਕਲ ਡਿਵਾਈਸ ਸੈਕਟਰਾਂ ਲਈ ਵਿਸ਼ਵ ਬਜ਼ਾਰ ਤੱਕ ਪਹੁੰਚ ਦਾ ਵਿਸਥਾਰ ਕਰ ਰਿਹਾ ਹੈ। ਇਹ ਸਾਂਝੇਦਾਰੀਆਂ ਦੁਨੀਆ ਭਰ ਵਿੱਚ ਕਿਫਾਇਤੀ ਦਵਾਈਆਂ ਅਤੇ ਮੈਡੀਕਲ ਤਕਨਾਲੋਜੀਆਂ ਦੇ ਇੱਕ ਭਰੋਸੇਯੋਗ ਸਪਲਾਇਰ ਵਜੋਂ ਭਾਰਤ ਦੀ ਸਥਿਤੀ ਨੂੰ ਮਜ਼ਬੂਤ ਕਰ ਰਹੀਆਂ ਹਨ। ਯੂਰੋਪ ਅਤੇ ਨਿਊਜ਼ੀਲੈਂਡ ਨਾਲ ਹਾਲ ਹੀ ਵਿੱਚ ਹੋਏ ਸਮਝੌਤਿਆਂ ਤੋਂ ਨਿਰਯਾਤ, ਨਿਵੇਸ਼ ਅਤੇ ਗਲੋਬਲ ਹੈਲਥਕੇਅਰ ਵੈਲਿਊ ਚੇਨ ਵਿੱਚ ਏਕੀਕਰਣ ਨੂੰ ਹੋਰ ਹੁਲਾਰਾ ਮਿਲਣ ਦੀ ਉਮੀਦ ਹੈ।

**ਭਾਰਤ-ਯੂਰੋਪੀਅਨ ਯੂਨੀਅਨ ਮੁਕਤ ਵਪਾਰ ਸਮਝੌਤਾ**




ਭਾਰਤ ਅਤੇ ਯੂਰੋਪੀਅਨ ਯੂਨੀਅਨ ਨੇ ਇੱਕ ਮੁਕਤ ਵਪਾਰ ਸਮਝੌਤੇ ਲਈ ਗੱਲਬਾਤ ਸਫਲਤਾਪੂਰਵਕ ਪੂਰੀ ਕੀਤੀ ਹੈ, ਜਿਸ ਨਾਲ ਭਾਰਤੀ ਫਾਰਮਾਸਿਊਟੀਕਲਜ਼ ਅਤੇ ਮੈਡੀਕਲ ਡਿਵਾਈਸ ਸੈਕਟਰਾਂ ਲਈ ਮੌਕਿਆਂ ਦਾ ਮਹੱਤਵਪੂਰਨ ਵਿਸਥਾਰ ਹੋਇਆ ਹੈ। ਇਸ ਸਮਝੌਤੇ ਨਾਲ ਯੂਰੋਪੀ ਸੰਘ ਨੂੰ ਬਜ਼ਾਰ 'ਚ ਪਹੁੰਚ ਵਧੇਗੀ, ਜਿਸ ਦੀ ਕੀਮਤ ਲਗਪਗ 572.3 ਅਰਬ ਡਾਲਰ ਹੈ, ਜਿਸ 'ਚ ਫਾਰਮਾਸਿਊਟੀਕਲ ਉਤਪਾਦਾਂ ਅਤੇ ਮੈਡੀਕਲ ਤਕਨਾਲੋਜੀ ਨੂੰ ਸ਼ਾਮਲ ਕੀਤਾ ਗਿਆ ਹੈ। ਟੈਰਿਫ ਉਦਾਰੀਕਰਣ ਨਾਲ ਭਾਰਤੀ ਮੈਡੀਕਲ ਡਿਵਾਈਸਾਂ ਦੀ ਵਿਸ਼ਵਵਿਆਪੀ ਮੁਕਾਬਲੇਬਾਜ਼ੀ ਵਿੱਚ ਸੁਧਾਰ ਹੋਣ ਦੀ ਉਮੀਦ ਹੈ, ਜਦੋਂ ਕਿ ਮਹਾਰਾਸ਼ਟਰ, ਗੁਜਰਾਤ, ਤੇਲੰਗਾਨਾ, ਕਰਨਾਟਕ ਅਤੇ ਆਂਧਰਾ ਪ੍ਰਦੇਸ਼ ਵਰਗੇ ਸਥਾਪਿਤ ਨਿਰਮਾਣ ਕੇਂਦਰਾਂ ਨੂੰ ਨਿਰਯਾਤ ਵਧਾਉਣ ਦੀ ਉਮੀਦ ਹੈ। ਇਸ ਸਮਝੌਤੇ ਤੋਂ ਹੁਨਰਮੰਦ ਰੁਜ਼ਗਾਰ ਨੂੰ ਉਤਸ਼ਾਹਿਤ ਕਰਨ, ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੀ ਭਾਗੀਦਾਰੀ ਵਧਾਉਣ ਅਤੇ ਵਿਸ਼ਵ ਸਿਹਤ ਸੰਭਾਲ ਵੈਲਿਊ ਚੇਨਾਂ ਵਿੱਚ ਭਾਰਤ ਦੇ ਹਿੱਸੇ ਨੂੰ ਵਧਾਉਣ ਦੀ ਉਮੀਦ ਹੈ।

**ਭਾਰਤ-ਯੂਕੇ ਵਿਆਪਕ ਆਰਥਿਕ ਅਤੇ ਵਪਾਰ ਸਮਝੌਤਾ**

ਜੁਲਾਈ 2025 ਵਿੱਚ ਹਸਤਾਖਰ ਕੀਤੇ ਗਏ ਭਾਰਤ-ਯੂਕੇ ਵਿਆਪਕ ਆਰਥਿਕ ਅਤੇ ਵਪਾਰ ਸਮਝੌਤੇ (ਸੀਈਟੀਏ) ਨੇ ਭਾਰਤ ਦੇ ਫਾਰਮਾਸਿਊਟੀਕਲ ਅਤੇ ਮੈਡੀਕਲ ਡਿਵਾਈਸ ਸੈਕਟਰਾਂ ਲਈ ਨਵੇਂ ਮੌਕੇ ਪੈਦਾ ਕੀਤੇ ਹਨ। ਇਸ ਸਮਝੌਤੇ ਦੇ ਤਹਿਤ, 56 ਫਾਰਮਾਸਿਊਟੀਕਲ ਟੈਰਿਫ ਲਾਈਨਾਂ ਨੂੰ ਡਿਊਟੀ-ਮੁਕਤ ਬਜ਼ਾਰ ਤੱਕ ਪਹੁੰਚ ਮਿਲੇਗੀ, ਜਿਸ ਨਾਲ ਭਾਰਤੀ ਜੈਨਰਿਕ ਦਵਾਈਆਂ ਯੂਕੇ ਵਿੱਚ ਵਧੇਰੇ ਪ੍ਰਤੀਯੋਗੀ ਬਣ ਜਾਣਗੀਆਂ। ਮਹੱਤਵਪੂਰਨ ਗੱਲ ਇਹ ਹੈ ਕਿ ਯੂਕੇ ਯੂਰੋਪ ਵਿੱਚ ਇਹ ਸਮਝੌਤਾ ਸਰਜੀਕਲ ਯੰਤਰਾਂ, ਡਾਇਗਨੌਸਟਿਕ ਉਪਕਰਣਾਂ, ਈਸੀਜੀ ਮਸ਼ੀਨਾਂ ਅਤੇ ਐਕਸ-ਰੇ ਪ੍ਰਣਾਲੀਆਂ ਸਮੇਤ ਕਈ ਤਰ੍ਹਾਂ ਦੇ ਮੈਡੀਕਲ ਉਪਕਰਣਾਂ ਤੱਕ ਡਿਊਟੀ-ਮੁਕਤ ਪਹੁੰਚ ਪ੍ਰਦਾਨ ਕਰਦਾ ਹੈ। ਇਸ ਨਾਲ ਭਾਰਤੀ ਨਿਰਮਾਤਾਵਾਂ ਲਈ ਲਾਗਤਾਂ ਘਟਾਉਣ ਅਤੇ ਯੂਕੇ ਦੇ ਬਜ਼ਾਰ ਵਿੱਚ ਉਨ੍ਹਾਂ ਦੀ ਮੁਕਾਬਲੇਬਾਜ਼ੀ ਨੂੰ ਮਜ਼ਬੂਤ ਕਰਨ ਦੀ ਉਮੀਦ ਹੈ।

**ਭਾਰਤ-ਨਿਊਜ਼ੀਲੈਂਡ ਮੁਕਤ ਵਪਾਰ ਸਮਝੌਤਾ**

ਦਸੰਬਰ 2025 ਵਿੱਚ ਹੋਏ ਭਾਰਤ-ਨਿਊਜ਼ੀਲੈਂਡ ਮੁਕਤ ਵਪਾਰ ਸਮਝੌਤੇ ਨੇ ਭਾਰਤੀ ਫਾਰਮਾਸਿਊਟੀਕਲ ਨਿਰਯਾਤ ਲਈ ਮੌਕੇ ਵਧਾਏ ਹਨ। ਇਹ ਸਮਝੌਤਾ ਲਗਭਗ 90 ਟੈਰਿਫ ਸ਼੍ਰੇਣੀਆਂ ਵਿੱਚ ਫਾਰਮਾਸਿਊਟੀਕਲ ਉਤਪਾਦਾਂ ਤੱਕ ਡਿਊਟੀ-ਮੁਕਤ ਪਹੁੰਚ ਪ੍ਰਦਾਨ ਕਰਦਾ ਹੈ ਜਿਨ੍ਹਾਂ 'ਤੇ ਪਹਿਲਾਂ 5 ਪ੍ਰਤੀਸ਼ਤ ਤੱਕ ਦੇ ਟੈਰਿਫ ਲੱਗਦੇ ਸਨ।

ਇਸ ਲਈ, ਇਸ ਸਮਝੌਤੇ ਨਾਲ ਸਿਹਤ ਸੰਭਾਲ ਖੇਤਰ ਵਿੱਚ ਵਪਾਰ ਨੂੰ ਮਜ਼ਬੂਤੀ ਮਿਲਣ ਦੀ ਉਮੀਦ ਹੈ, ਜਿਸ ਨਾਲ ਭਾਰਤ ਦੇ ਫਾਰਮਾਸਿਊਟੀਕਲ ਨਿਰਮਾਣ ਈਕੋਸਿਸਟਮ ਦੇ ਵਿਕਾਸ ਵਿੱਚ ਮਦਦ ਮਿਲੇਗੀ।

## ਫਾਰਮਾਸਿਊਟੀਕਲ ਸੈਕਟਰ ਦਾ ਸਮਰਥਨ ਕਰਨ ਲਈ ਸਰਕਾਰ ਦੀ ਅਗਵਾਈ ਵਾਲੀ ਦਖਲਅੰਦਾਜ਼ੀ

**ਸਰਕਾਰ ਦੀ ਰਣਨੀਤੀ ਦੇ ਕੇਂਦਰ ਵਿੱਚ ਉਤਪਾਦਨ-ਅਧਾਰਿਤ ਪ੍ਰੋਤਸਾਹਨ (ਪੀਐੱਲਆਈ।) ਯੋਜਨਾਵਾਂ ਹਨ, ਜਿਨ੍ਹਾਂ ਦਾ ਉਦੇਸ਼ ਘਰੇਲੂ ਨਿਰਮਾਣ ਨੂੰ ਮਜ਼ਬੂਤ ਕਰਨਾ, ਆਯਾਤ ਨਿਰਭਰਤਾ ਨੂੰ ਘਟਾਉਣਾ, ਅਤੇ ਫਾਰਮਾਸਿਊਟੀਕਲ, ਥੋਕ ਦਵਾਈਆਂ ਅਤੇ ਮੈਡੀਕਲ ਉਪਕਰਣਾਂ ਦੇ ਨਿਰਯਾਤ ਨੂੰ ਵਧਾਉਣਾ ਹੈ। ਥੋਕ ਡਰੱਗ ਅਤੇ ਮੈਡੀਕਲ ਡਿਵਾਈਸ ਪਾਰਕਾਂ, ਉਦਯੋਗ ਸਹਾਇਤਾ ਪਹਿਲਕਦਮੀਆਂ ਅਤੇ ਖੋਜ ਪ੍ਰੋਤਸਾਹਨ ਉਪਾਵਾਂ ਦੇ ਨਾਲ, ਇਹ ਯੋਜਨਾਵਾਂ**

**ਨਿਰਮਾਣ ਸਮਰੱਥਾ ਦਾ ਵਿਸਤਾਰ ਕਰ ਰਹੀਆਂ ਹਨ, ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰ ਰਹੀਆਂ ਹਨ, ਅਤੇ ਵਿਸ਼ਵ ਪੱਧਰ 'ਤੇ ਪ੍ਰਤੀਯੋਗੀ ਫਾਰਮਾਸਿਊਟੀਕਲ ਹੱਬ ਵਜੋਂ ਭਾਰਤ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰ ਰਹੀਆਂ ਹਨ।**

## ਉਤਪਾਦਨ-ਅਧਾਰਿਤ ਪ੍ਰੋਤਸਾਹਨ (PLI) ਯੋਜਨਾਵਾਂ

ਫਾਰਮਾਸਿਊਟੀਕਲ ਵਿਭਾਗ ਦੁਆਰਾ ਲਾਗੂ ਕੀਤੀਆਂ ਗਈਆਂ ਉਤਪਾਦਨ-ਅਧਾਰਿਤ ਪ੍ਰੋਤਸਾਹਨ (ਪੀਐਲਆਈ) ਯੋਜਨਾਵਾਂ ਫਾਰਮਾਸਿਊਟੀਕਲ ਖੇਤਰ ਵਿੱਚ ਘਰੇਲੂ ਨਿਰਮਾਣ ਨੂੰ ਮਜ਼ਬੂਤ ਕਰਨ ਅਤੇ ਆਯਾਤ ਨਿਰਭਰਤਾ ਨੂੰ ਘਟਾਉਣ ਦੇ ਯਤਨਾਂ ਦਾ ਅਧਾਰ ਹਨ। ਇਨ੍ਹਾਂ ਯੋਜਨਾਵਾਂ ਦੇ ਨਤੀਜੇ ਵਜੋਂ, ਫਾਰਮਾਸਿਊਟੀਕਲ ਅਤੇ ਥੋਕ ਦਵਾਈਆਂ ਲਈ ਪੀਐੱਲਆਈ ਯੋਜਨਾਵਾਂ ਦੇ ਤਹਿਤ ₹3,591 ਕਰੋੜ ਦੀ ਸਰਗਰਮ ਫਾਰਮਾਸਿਊਟੀਕਲ ਸਮੱਗਰੀ (ਏਪੀਆਈ), ਮੁੱਖ ਸ਼ੁਰੂਆਤੀ ਸਮੱਗਰੀ (ਕਐੱਸਐੱਮ), ਅਤੇ ਡਰੱਗ ਇੰਟਰਮੀਡੀਏਟਸ (ਡੀਆਈ) ਦੇ ਆਯਾਤ ਨੂੰ ਰੋਕਿਆ ਗਿਆ ਹੈ। ਇਸ ਤਰ੍ਹਾਂ, ਇਹ ਯੋਜਨਾਵਾਂ ਆਯਾਤ ਨਿਰਭਰਤਾ ਵਿੱਚ ਮਾਪਣਯੋਗ ਕਮੀ ਅਤੇ ਭਾਰਤ ਦੀ ਨਿਰਮਾਣ ਸਮਰੱਥਾ ਨੂੰ ਮਜ਼ਬੂਤ ਕਰਨ ਵਿੱਚ ਯੋਗਦਾਨ ਪਾ ਰਹੀਆਂ ਹਨ।

ਐਕਟਿਵ ਫ਼ਾਰਮਾਸਿਊਟੀਕਲ ਤੱਤ (ਏਪੀਆਈ)

ਇੱਕ ਪਦਾਰਥ ਜੋ ਇੱਕ ਔਸ਼ਧੀ ਉਤਪਾਦ ਦੇ ਨਿਰਮਾਣ ਵਿੱਚ ਵਰਤਿਆ ਜਾਂਦਾ ਹੈ ਜੋ ਅੰਤਿਮ ਦਵਾਈ ਦਾ ਸਰਗਰਮ ਸਾਮੱਗਰੀ ਬਣ ਜਾਂਦਾ ਹੈ। ਇਹ ਰੋਗ ਦੇ ਨਿਦਾਨ, ਇਲਾਜ ਜਾਂ ਰੋਕਥਾਮ ਵਿੱਚ ਦਵਾਈ ਦੇ ਪ੍ਰਭਾਵ ਜਾਂ ਸਿੱਧੇ ਇਲਾਜ ਦੀ ਕਾਰਵਾਈ ਪ੍ਰਦਾਨ ਕਰਦਾ ਹੈ।

ਡਰੱਗ ਇੰਟਰਮੀਡੀਏਟ (ਡੀਆਈ)

ਸੰਸਲੇਸ਼ਣ ਦੇ ਵਿਚਕਾਰਲੇ ਪੜਾਵਾਂ ਦੌਰਾਨ ਬਣਿਆ ਇੱਕ ਪਦਾਰਥ ਜੋ ਇੱਕ ਸਰਗਰਮ ਫਾਰਮਾਸਿਊਟੀਕਲ ਕੰਪੋਨੈਂਟ (ਏਪੀਆਈ) ਬਣਨ ਤੋਂ ਪਹਿਲਾਂ ਹੋਰ ਪ੍ਰਕਿਰਿਆ ਤੋਂ ਗੁਜ਼ਰਦਾ ਹੈ।

ਮੁੱਖ ਸ਼ੁਰੂਆਤੀ ਸਮੱਗਰੀ (ਕੇਐੱਸਐੱਮ)

ਇੱਕ ਕੱਚਾ ਮਾਲ, ਇੰਟਰਮੀਡੀਏਟ, ਜਾਂ ਏਪੀਆਈ ਜੋ ਇੱਕ ਏਪੀਆਈ ਦੇ ਉਤਪਾਦਨ ਵਿੱਚ ਵਰਤਿਆ ਜਾਂਦਾ ਹੈ ਅਤੇ ਇੱਕ ਮੁੱਖ ਢਾਂਚਾਗਤ ਹਿੱਸਾ ਬਣਾਉਂਦਾ ਹੈ। ਇਸ ਦੇ ਰਸਾਇਣਕ ਗੁਣਾਂ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ ਅਤੇ ਇਸਨੂੰ ਵਪਾਰਕ ਤੌਰ 'ਤੇ ਅੰਦਰੂਨੀ ਤੌਰ 'ਤੇ ਪ੍ਰਾਪਤ ਜਾਂ ਪੈਦਾ ਕੀਤਾ ਜਾ ਸਕਦਾ ਹੈ।

**<u>ਫਾਰਮਾਸਿਊਟੀਕਲ ਲਈ ਪੀਐੱਲਆਈ ਸਕੀਮ</u>**

ਇਹ ਸਕੀਮ ਉੱਚ-ਮੁੱਲ ਵਾਲੇ ਬਾਇਓਫਾਰਮਾਸਿਊਟੀਕਲ ਉਤਪਾਦਾਂ, ਗੁੰਝਲਦਾਰ ਜੈਨਰਿਕਸ ਅਤੇ ਆਟੋਇਮਿਊਨ ਦਵਾਈਆਂ ਦੇ ਘਰੇਲੂ ਨਿਰਮਾਣ ਨੂੰ ਉਤਸ਼ਾਹਿਤ ਕਰਦੀ ਹੈ, ਜਿਸ ਦੀ ਵਿਕਰੀ, ਨਿਰਯਾਤ ਅਤੇ ਨੌਕਰੀਆਂ ਦੀ ਸਿਰਜਣਾ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਸਤੰਬਰ 2025 ਤੱਕ ₹17,274.96 ਕਰੋੜ ਦੇ ਟੀਚੇ ਦੇ ਮੁਕਾਬਲੇ, ਸਕੀਮ ਦੇ ਤਹਿਤ ਨਿਵੇਸ਼ ₹40,890 ਕਰੋੜ ਤੱਕ ਪਹੁੰਚ ਗਿਆ ਹੈ।

2021 ਵਿੱਚ ਇਸਦੀ ਸ਼ੁਰੂਆਤ ਤੋਂ ਬਾਅਦ:

- ਸਤੰਬਰ 2025 ਤੱਕ ਕੁੱਲ ਵਿਕਰੀ ₹3,16,797 ਕਰੋੜ ਤੱਕ ਪਹੁੰਚ ਗਈ ਹੈ।
- ਇਸ ਕੁੱਲ ਵਿਕਰੀ ਵਿੱਚੋਂ, ਨਿਰਯਾਤ ₹2,03,730 ਕਰੋੜ ਸੀ।
- ਸਤੰਬਰ 2025 ਤੱਕ, ਲਗਭਗ 97,000 ਲੋਕਾਂ ਨੂੰ ਇਸ ਯੋਜਨਾ ਦੇ ਤਹਿਤ ਰੁਜ਼ਗਾਰ ਦਿੱਤਾ ਗਿਆ ਹੈ, ਜਿਸ ਵਿੱਚ ਠੇਕਾ ਅਤੇ ਸਿਖਲਾਈ ਪ੍ਰਾਪਤ ਕਰਮਚਾਰੀ ਸ਼ਾਮਲ ਹਨ।

ਕੰਟੈਂਟ ‘ਤੇ ਜਾਓ

ਬਲਕ ਡ੍ਰਗਸ ਦੇ ਲਈ PLI ਸਕੀਮ (APIs/KSMs/DIs)

ਇਸ ਸਕੀਮ ਦਾ ਮਕਸਦ ਲਾਜ਼ਮੀ ਇਨਪੁਟਸ ਦੀ ਨਿਰੰਤਰ ਸਪਲਾਈ ਪੱਕੀ ਕਰਨਾ ਅਤੇ ਇੱਕ ਹੀ ਸੋਰਸ ‘ਤੇ ਨਿਰਭਰਤਾ ਨੂੰ ਘਟਾਉਣਾ ਹੈ।

ਸਤੰਬਰ 2025 ਤੱਕ:

• 26 ਮਹੱਤਵਪੂਰਨ API/KSM ਲਈ ਪ੍ਰਤੀ ਵਰ੍ਹੇ 55,100 ਮੀਟ੍ਰਿਕ ਟਨ ਕੁੱਲ ਨਿਰਮਾਣ ਸਮਰੱਥਾ ਸਥਾਪਿਤ ਕੀਤੀ ਗਈ ਹੈ।

• ਸ਼ੁਰੂਆਤ (2022) ਤੋਂ ਲੈ ਕੇ ਹੁਣ ਤੱਕ ਸੰਚਿਤ ਵਿਕਰੀ 2,313.16 ਕਰੋੜ ਰੁਪਏ ਤੱਕ ਪਹੁੰਚ ਗਈ ਹੈ, ਜਿਸ ਵਿੱਚ 508.12 ਕਰੋੜ ਰੁਪਏ ਦਾ ਨਿਰਯਾਤ ਸ਼ਾਮਲ ਹੈ।

• ਇਸ ਯੋਜਨਾ ਦੇ ਤਹਿਤ 4,763.34 ਕਰੋੜ ਰੁਪਏ ਦੇ ਟੀਚੇ ਦੇ ਮੁਕਾਬਲੇ 4,763.34 ਕਰੋੜ ਰੁਪਏ ਦਾ ਨਿਵੇਸ਼ ਜੁਟਾਇਆ ਗਿਆ ਹੈ।


• ਇਸ ਯੋਜਨਾ ਦੇ ਤਹਿਤ 4,929 ਵਿਅਕਤੀਆਂ ਲਈ ਰੁਜ਼ਗਾਰ ਪੈਦਾ ਕੀਤਾ ਗਿਆ ਹੈ।

**ਮੈਡੀਕਲ ਡਿਵਾਈਸਾਂ ਦੇ ਘਰੇਲੂ ਨਿਰਮਾਣ ਨੂੰ ਉਤਸ਼ਾਹਿਤ ਕਰਨ ਲਈ PLI ਸਕੀਮ**

ਇਸ ਸਕੀਮ ਦਾ ਉਦੇਸ਼ ਮੈਡੀਕਲ ਡਿਵਾਈਸਾਂ ਦੇ ਖੇਤਰ ਵਿੱਚ ਘਰੇਲੂ ਨਿਰਮਾਣ ਨੂੰ ਉਤਸ਼ਾਹਿਤ ਕਰਨਾ ਅਤੇ ਵੱਡੇ ਨਿਵੇਸ਼ ਨੂੰ ਆਕਰਸ਼ਿਤ ਕਰਨਾ ਹੈ।

ਸਤੰਬਰ 2025 ਤੱਕ:

- ਇਸ ਸਕੀਮ ਅਧੀਨ ਕੁੱਲ ਵਿਕਰੀ 12,344.37 ਕਰੋੜ ਰੁਪਏ ਸੀ, ਜਿਸ ਵਿੱਚ 5,869.36 ਕਰੋੜ ਰੁਪਏ ਦੀ ਬਰਾਮਦ ਸ਼ਾਮਲ ਹੈ।
- ਇਸ ਸਕੀਮ ਰਾਹੀਂ 1,093.69 ਕਰੋੜ ਰੁਪਏ ਦਾ ਅਸਲ ਨਿਵੇਸ਼ ਪ੍ਰਾਪਤ ਹੋਇਆ ਹੈ।




ਬਲਕ ਡ੍ਰਗਸ ਅਤੇ ਮੈਡੀਕਲ ਉਪਕਰਣਾਂ ਲਈ ਬੁਨਿਆਦੀ ਢਾਂਚਾ ਵਿਕਾਸ ਯੋਜਨਾਵਾਂ

ਬਲਕ ਡ੍ਰਗਸ ਪਾਰਕਾਂ ਨੂੰ ਉਤਸ਼ਾਹਿਤ ਕਰਨ ਦੀ ਯੋਜਨਾ

ਇਨ੍ਹਾਂ ਪਾਰਕਾਂ ਨੂੰ ਉਤਸ਼ਾਹਿਤ ਕਰਨ ਦੀ ਯੋਜਨਾ ਬਲਕ ਡ੍ਰਗਸ ਦੇ ਉਤਪਾਦਨ ਲਈ ਸਾਂਝੇ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਸਹਾਇਕ ਹੈ। ਇਸ ਯੋਜਨਾ ਦੇ ਤਹਿਤ ਆਂਧਰ ਪ੍ਰਦੇਸ਼, ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿੱਚ ਤਿੰਨ ਪਾਰਕਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਨ੍ਹਾਂ ਦਾ ਵਿਕਾਸ ਰਾਜ ਲਾਗੂ ਕਰਨ ਵਾਲੀਆਂ ਏਜੰਸੀਆਂ ਰਾਹੀਂ ਵੱਖ-ਵੱਖ ਪੜਾਵਾਂ ਵਿੱਚ ਹੈ। ਫਰਵਰੀ 2026 ਤੱਕ, ਇਨ੍ਹਾਂ ਪਾਰਕਾਂ ਦੀ ਕੁੱਲ ਪ੍ਰੋਜੈਕਟ ਲਾਗਤ 6,306.68 ਕਰੋੜ ਰੁਪਏ ਤੋਂ ਵੱਧ ਹੈ। ਇਨ੍ਹਾਂ ਵਿੱਚ ਹਰੇਕ ਸਾਂਝੀਆਂ ਬੁਨਿਆਦੀ ਸਹੂਲਤਾਂ ਦੀ ਸਿਰਜਣਾ ਲਈ ਕੇਂਦਰ ਸਰਕਾਰ 1,000 ਕਰੋੜ ਰੁਪਏ ਦੀ ਸਹਾਇਤਾ ਪ੍ਰਦਾਨ ਕਰ ਰਹੀ ਹੈ। ਇਸ ਉਦੇਸ਼ ਲਈ 3,000 ਕਰੋੜ ਰੁਪਏ ਦੇ ਬਜਟ ਦਾ ਪ੍ਰਬੰਧ ਕੀਤਾ ਗਿਆ ਹੈ।

**ਮੈਡੀਕਲ ਡਿਵਾਈਸ ਪਾਰਕਾਂ ਨੂੰ ਉਤਸ਼ਾਹਿਤ ਕਰਨ ਲਈ ਯੋਜਨਾ**

ਇਸ ਯੋਜਨਾ ਦਾ ਉਦੇਸ਼ ਇੱਕੋ ਥਾਂ 'ਤੇ ਸਾਂਝੀਆਂ ਟੈਸਟਿੰਗ ਅਤੇ ਪ੍ਰਯੋਗਸ਼ਾਲਾ ਸਹੂਲਤਾਂ/ਕੇਂਦਰ ਪ੍ਰਦਾਨ ਕਰਨਾ ਹੈ, ਜਿਸ ਨਾਲ ਉਤਪਾਦਨ ਲਾਗਤਾਂ ਵਿੱਚ ਮਹੱਤਵਪੂਰਨ ਤੌਰ 'ਤੇ ਕਮੀ ਆਗੀ ਅਤੇ ਦੇਸ਼ ਵਿੱਚ ਮੈਡੀਕਲ ਡਿਵਾਈਸ ਨਿਰਮਾਣ ਲਈ ਇੱਕ ਮਜ਼ਬੂਤ ਈਕੋਸਿਸਟਮ ਬਣਾਉਣ ਵਿੱਚ ਮਦਦ ਮਿਲੇਗੀ। ਇਸ ਯੋਜਨਾ ਦੇ ਤਹਿਤ, ਉੱਤਰ ਪ੍ਰਦੇਸ਼ (ਗ੍ਰੇਟਰ ਨੋਇਡਾ), ਮੱਧ ਪ੍ਰਦੇਸ਼ (ਉੱਜੈਨ), ਅਤੇ ਤਮਿਲ ਨਾਡੂ (ਕਾਂਚੀਪੁਰਮ) ਵਿੱਚ ਤਿੰਨ ਪਾਰਕ ਸਥਾਪਿਤ ਕੀਤੇ ਜਾ ਰਹੇ ਹਨ ਜੋ ਵਿਕਾਸ ਦੇ ਉੱਨਤ ਪੜਾਵਾਂ ਵਿੱਚ ਹਨ। ਇਨ੍ਹਾਂ ਪਾਰਕਾਂ ਲਈ ਕੁੱਲ ਪ੍ਰੋਜੈਕਟ ਖਰਚ 871.11 ਕਰੋੜ ਰੁਪਏ ਹੈ। ਕੇਂਦਰ ਸਰਕਾਰ ਇਨ੍ਹਾਂ ਵਿੱਚੋਂ ਹਰੇਕ ਪਾਰਕ ਵਿੱਚ ਸਾਂਝੀਆਂ ਬੁਨਿਆਦੀ ਸਹੂਲਤਾਂ ਲਈ 100 ਕਰੋੜ ਰੁਪਏ ਗ੍ਰਾਂਟ ਵਜੋਂ ਪ੍ਰਦਾਨ ਕਰ ਰਹੀ ਹੈ। ਦਸੰਬਰ 2025 ਤੱਕ, ਇਨ੍ਹਾਂ ਪਾਰਕਾਂ ਵਿੱਚ 199 ਮੈਡੀਕਲ ਡਿਵਾਈਸ ਨਿਰਮਾਤਾਵਾਂ ਨੂੰ ਕੁੱਲ 306.64 ਏਕੜ ਜ਼ਮੀਨ ਅਲਾਟ ਕੀਤੀ ਗਈ ਸੀ। ਇਨ੍ਹਾਂ ਵਿੱਚੋਂ 34 ਯੂਨਿਟਾਂ ਨੇ ਆਪਣੇ ਪਲਾਂਟਾਂ ਦਾ ਨਿਰਮਾਣ ਸ਼ੁਰੂ ਕਰ ਦਿੱਤਾ ਹੈ।

**ਨਵੀਨਤਾ ਅਤੇ ਪਹੁੰਚ ਵਿੱਚ ਸੁਧਾਰ ਦੇ ਲਈ ਹੋਰ ਪਹਿਲਕਦਮੀਆਂ**

**ਖੋਜ ਅਤੇ ਨਵੀਨਤਾ**

ਫਾਰਮਾ ਮੈਡਟੈੱਕ ਵਿੱਚ ਖੋਜ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਨ ਲਈ ਯੋਜਨਾ (PRIP) ਦਾ ਉਦੇਸ਼ ਭਾਰਤ ਦੇ ਫਾਰਮਾਸਿਊਟੀਕਲ ਅਤੇ ਮੈਡੀਕਲ ਟੈਕਨੋਲੋਜੀ ਈਕੋਸਿਸਟਮ ਨੂੰ ਮਜ਼ਬੂਤ ਕਰਨਾ ਹੈ। ਇਹ ਯੋਜਨਾ ਇਸ ਉਦੇਸ਼ ਨਾਲ ਜੈਨੇਰਿਕ ਨਿਰਮਾਣ ਤੋਂ ਅੱਗੇ ਵਧਦੇ ਹੋਏ ਨਵੀਨਤਾ-ਅਗਵਾਈ ਵਾਲੇ ਵਿਕਾਸ ਨੂੰ ਉਤਸ਼ਾਹਿਤ ਕਰਦੀ ਹੈ। ਇਹ ਦੋ ਹਿੱਸਿਆਂ ਰਾਹੀਂ ਖੋਜ, ਉਤਪਾਦ ਵਿਕਾਸ, ਅਤੇ ਉਦਯੋਗ ਅਤੇ ਅਕਾਦਮਿਕ ਖੇਤਰ ਵਿਚਕਾਰ ਨੇੜਲੇ ਸਹਿਯੋਗ ਦਾ ਸਮਰਥਨ ਕਰਦੀ ਹੈ।

• ਕੰਪੋਨੈਂਟ ਏ ਦੇ ਤਹਿਤ, 7 ਨੈਸ਼ਨਲ ਇੰਸਟੀਟਿਊਟ ਆਫ਼ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਵਿੱਚੋਂ ਹਰੇਕ ਵਿੱਚ ਕੁੱਲ 700 ਕਰੋੜ ਰੁਪਏ ਦੇ ਖਰਚ ਨਾਲ ਇੱਕ ਸੈਂਟਰ ਆਫ਼ ਐਕਸੀਲੈਂਸ ਸਥਾਪਿਤ ਕੀਤਾ ਗਿਆ ਹੈ।

• ਨਵੰਬਰ 2025 ਤੱਕ, ਸੈਂਟਰ ਆਫ਼ ਐਕਸੀਲੈਂਸ ਦੇ ਤਹਿਤ 111 ਰਿਸਰਚ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ, 46 ਖੋਜ ਪੱਤਰ ਪ੍ਰਕਾਸ਼ਿਤ ਕੀਤੇ ਗਏ ਹਨ ਅਤੇ 6 ਪੇਟੈਂਟ ਦਾਇਰ ਕੀਤੇ ਗਏ ਹਨ।

• ਕੰਪੋਨੈਂਟ ਬੀ ਦੇ ਤਹਿਤ, ਫਾਰਮਾ ਮੈਡਟੈੱਕ ਸੈਕਟਰ ਵਿੱਚ ਪਛਾਣੇ ਗਏ ਤਰਜੀਹੀ ਖੇਤਰਾਂ ਵਿੱਚ ਉਦਯੋਗਾਂ, MSMEs ਅਤੇ ਸਟਾਰਟਅੱਪਸ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।

**ਕਿਫਾਇਤੀ ਦਵਾਈਆਂ ਤੱਕ ਪਹੁੰਚ**

ਪ੍ਰਧਾਨ ਮੰਤਰੀ ਭਾਰਤੀਯ ਜਨਔਸ਼ਧੀ ਪਰਿਯੋਜਨਾ (PMBJP) ਦਾ ਉਦੇਸ਼ ਦੇਸ਼ ਭਰ ਵਿੱਚ ਕਿਫਾਇਤੀ ਅਤੇ ਗੁਣਵੱਤਾ ਵਾਲੀਆਂ ਦਵਾਈਆਂ ਤੱਕ ਪਹੁੰਚ ਨੂੰ ਬਿਹਤਰ ਬਣਾਉਣਾ ਹੈ। PMBJP ਦੇ ਰਾਹੀਂ ਵਚਨਬੱਧ ਦੁਕਾਨਾਂ ਦੇ ਵਿਆਪਕ ਨੈੱਟਵਰਕ ਰਾਹੀਂ ਨਾਗਰਿਕਾਂ ਦੇ ਦਵਾਈਆਂ 'ਤੇ ਹੋਣ ਵਾਲੇ ਖਰਚੇ ਨੂੰ ਘਟਾਉਣਾ ਅਤੇ ਵਾਜਬ ਕੀਮਤਾਂ 'ਤੇ ਜ਼ਰੂਰੀ ਦਵਾਈਆਂ ਅਤੇ ਡਾਕਟਰੀ ਉਪਕਰਣਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ।

• 28.02.2026 ਤੱਕ, 18646 ਤੋਂ ਵੱਧ ਜਨ ਔਸ਼ਧੀ ਕੇਂਦਰ ਕਾਰਜਸ਼ੀਲ ਹਨ।

• ਇਸ ਪ੍ਰੋਜੈਕਟ ਦੇ ਤਹਿਤ, 29 ਇਲਾਜ ਗਰੁੱਪਾਂ ਵਿੱਚ 2110 ਦਵਾਈਆਂ ਅਤੇ 315 ਮੈਡੀਕਲ ਉਪਕਰਣ ਅਤੇ ਹੋਰ ਸਮੱਗਰੀਆਂ ਉਪਲਬਧ ਹਨ।

• ਜਨ ਔਸ਼ਧੀ ਸੁਵਿਧਾ ਸੈਨੇਟਰੀ ਨੈਪਕਿਨ 1 ਰੁਪਏ ਪ੍ਰਤੀ ਪੈਡ 1 ਰੁਪਏ ਦੀ ਕੀਮਤ 'ਤੇ ਉਪਲਬਧ ਹਨ। ਇਸ ਦੇ 100 ਕਰੋੜ ਪੈਡ 31.01.2026 ਤੱਕ ਵੇਚੇ ਜਾ ਚੁੱਕੇ ਸਨ। ਇਨ੍ਹਾਂ ਵਿੱਚੋਂ, ਵਿੱਤੀ ਸਾਲ 2025-26 ਵਿੱਚ 31.01.2026 ਤੱਕ 22.50 ਕਰੋੜ ਤੋਂ ਵੱਧ ਜਨ ਔਸ਼ਧੀ ਸੁਵਿਧਾ ਸੈਨੇਟਰੀ ਪੈਡ ਵੇਚੇ ਗਏ ਸਨ।

• 2024-25 ਵਿੱਚ 2022.47 ਕਰੋੜ ਰੁਪਏ ਦੀ ਵਿਕਰੀ ਨਾਲ ਨਾਗਰਿਕਾਂ ਨੂੰ ਲਗਭਗ 8000 ਕਰੋੜ ਰੁਪਏ ਦੀ ਬੱਚਤ ਹੋਈ।

• 2025-26 ਵਿੱਚ, 30 ਨਵੰਬਰ 2025 ਤੱਕ 1409.32 ਕਰੋੜ ਰੁਪਏ ਦੀ ਵਿਕਰੀ ਨਾਲ ਨਾਗਰਿਕਾਂ ਨੂੰ ਲਗਭਗ 5637 ਕਰੋੜ ਰੁਪਏ ਦੀ ਬੱਚਤ ਹੋਣ ਦੀ ਉਮੀਦ ਹੈ।

ਇਹ ਪਹਿਲਕਦਮੀਆਂ ਮਿਲ ਕੇ ਫਾਰਮਾਸਿਊਟੀਕਲ ਅਤੇ ਮੈਡਟੈੱਕ ਸੈਕਟਰਾਂ ਵਿੱਚ ਸਵਦੇਸ਼ੀ ਉਤਪਾਦਨ ਮਜ਼ਬੂਤ ਕਰਨ, ਨਵੀਨਤਾ ਨੂੰ ਉਤਸ਼ਾਹਿਤ ਕਰਨ, ਕਿਫਾਇਤ ਵਿੱਚ ਸੁਧਾਰ ਲਿਆਉਣ ਅਤੇ ਆਲਮੀ ਮੁਕਾਬਲੇਬਾਜ਼ੀ ਨੂੰ ਵਧਾਉਣ ਲਈ ਸਾਂਝੇ ਨੀਤੀਗਤ ਦ੍ਰਿਸ਼ਟੀਕੋਣ ਨੂੰ ਪ੍ਰਦਰਸ਼ਿਤ ਕਰਦੀਆਂ ਹਨ।

## ਬਾਇਓਫਾਰਮਾ ਸ਼ਕਤੀ- ਭਾਰਤ ਦੇ ਬਾਇਓਫਾਰਮਾਸਿਊਟੀਕਲ ਈਕੋਸਿਸਟਮ ਦਾ ਮਜ਼ਬੂਤੀਕਰਣ



ਕੇਂਦਰੀ ਬਜਟ 2026-27 ਵਿੱਚ, ਸਰਕਾਰ ਨੇ ਭਾਰਤ ਨੂੰ ਇੱਕ ਗਲੋਬਲ ਬਾਇਓਫਾਰਮਾਸਿਊਟੀਕਲ ਮੈਨੂਫੈਕਚਰਿੰਗ ਹੱਬ ਵਜੋਂ ਸਥਾਪਿਤ ਕਰਨ ਲਈ 'ਬਾਇਓਫਾਰਮਾ ਸ਼ਕਤੀ' (ਗਿਆਨ, ਤਕਨਾਲੋਜੀ ਅਤੇ ਨਵੀਨਤਾ ਰਾਹੀਂ ਸਿਹਤ ਸੰਭਾਲ ਤਰੱਕੀ ਲਈ ਰਣਨੀਤੀ) ਪਹਿਲਕਦਮੀ ਦਾ ਪ੍ਰਸਤਾਵ ਰੱਖਿਆ ਹੈ। ਇਹ ਪਹਿਲ ਅਗਲੇ ਪੰਜ ਵਰ੍ਹਿਆਂ ਵਿੱਚ 10,000 ਕਰੋੜ ਰੁਪਏ ਦੀ ਕੀਮਤ ਦੇ ਕੁੱਲ ਖਰਚ ਨਾਲ ਸ਼ੁਰੂ ਕੀਤੀ ਜਾਵੇਗੀ ਅਤੇ ਇਸ ਦਾ ਉਦੇਸ਼ ਬਾਇਓਲੋਜਿਕਸ ਅਤੇ ਬਾਇਓਸਿਮਿਲਰਸ ਦੇ ਘਰੇਲੂ ਉਤਪਾਦਨ ਲਈ ਇੱਕ ਮਜ਼ਬੂਤ ਈਕੋਸਿਸਟਮ ਬਣਾਉਣਾ ਹੈ।

"ਬਾਇਓਫਾਰਮਾ ਸ਼ਕਤੀ" ਦੇ ਤਹਿਤ ਇੱਕ ਬਾਇਓਫਾਰਮਾ-ਕੇਂਦ੍ਰਿਤ ਸੰਸਥਾਗਤ ਨੈੱਟਵਰਕ ਦਾ ਨਿਰਮਾਣ ਕੀਤਾ ਜਾਵੇਗਾ, ਜਿਸ ਵਿੱਚ ਤਿੰਨ ਨਵੇਂ ਨੈਸ਼ਨਲ ਇੰਸਟੀਟਿਊਟ ਆਫ਼ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ (NIPERs) ਦੀ ਸਥਾਪਨਾ ਅਤੇ ਸੱਤ ਮੌਜੂਦਾ ਸੰਸਥਾਵਾਂ ਨੂੰ ਅਪਗ੍ਰੇਡ ਕਰਨਾ ਸ਼ਾਮਲ ਹੈ। ਇਹ ਪ੍ਰੋਗਰਾਮ ਪੂਰੇ ਭਾਰਤ ਵਿੱਚ 1,000 ਤੋਂ ਵੱਧ ਮਾਨਤਾ ਪ੍ਰਾਪਤ ਕਲੀਨਿਕਲ ਟ੍ਰਾਇਲ ਸਾਈਟਾਂ ਦੇ ਇੱਕ ਨੈੱਟਵਰਕ ਬਣਾਉਣ ਵਿੱਚ ਵੀ ਸਹਾਇਤਾ ਕਰੇਗਾ, ਜਿਸ ਨਾਲ ਕਲੀਨਿਕਲ ਰਿਸਰਚ ਸਮਰੱਥਾ ਨੂੰ ਮਜ਼ਬੂਤੀ ਮਿਲੇਗੀ ਅਤੇ ਉੱਚ-ਮੁੱਲ ਵਾਲੀ ਬਾਇਓਫਾਰਮਾਸਿਊਟੀਕਲ ਥੈਰੇਪੀ ਵਿੱਚ ਨਵੀਨਤਾ ਨੂੰ ਸਮਰਥਨ ਮਿਲੇਗਾ।

ਬਾਇਓਫਾਰਮਾਸਿਊਟੀਕਲ, ਜਾਂ ਬਾਇਓਲੋਜਿਕਸ, ਵਿੱਚ ਟੀਕੇ, ਥੈਰੇਪੀਟਿਕ ਪ੍ਰੋਟੀਨ, ਬਲੱਡ ਕੰਪੋਨੈਂਟਸ ਅਤੇ ਟਿਸ਼ੂ ਵਰਗੇ ਉਤਪਾਦ ਸ਼ਾਮਲ ਹਨ। ਇਹ ਜੀਵਤ ਸਰੋਤਾਂ ਤੋਂ ਪ੍ਰਾਪਤ ਕੀਤੇ ਜਾਂਦੇ ਹਨ ਅਤੇ ਰਸਾਇਣਿਕ ਤੌਰ 'ਤੇ ਸੰਸ਼ਲੇਸ਼ਿਤ ਛੋਟੇ-ਅਣੂ ਵਾਲੀਆਂ ਦਵਾਈਆਂ ਜੋ ਮੁਕਾਬਲੇ ਵਧੇਰੇ ਗੁੰਝਲਦਾਰ ਹੁੰਦੇ ਹਨ। ਬਾਇਓਸਿਮਿਲਰ ਪ੍ਰਵਾਨਿਤ ਬਾਇਓਲੋਜਿਕ ਦਵਾਈਆਂ ਦੇ ਅਜਿਹੇ ਫਾਲੋ-ਔਨ ਸੰਸਕਰਣ ਹਨ ਜਿਨ੍ਹਾਂ ਨੂੰ ਕਿਸੇ ਮੂਲ ਉਤਪਾਦ ਦੇ ਹਵਾਲੇ ਨਾਲ ਵਿਕਸਿਤ ਕੀਤਾ ਜਾਂਦਾ ਹੈ।

## ਦਵਾਈਆਂ ਦਾ ਮੁੱਲ ਨਿਰਧਾਰਣ ਅਤੇ ਨਿਯਮ-ਪ੍ਰਸ਼ਾਸਨ ਅਤੇ ਪਾਲਣਾ

ਭਾਰਤ ਦੀ ਫਾਰਮਾਸਿਊਟੀਕਲ ਪ੍ਰਣਾਲੀ ਇੱਕ ਮਜ਼ਬੂਤ ਰੈਗੂਲੇਟਰੀ ਅਤੇ ਗੁਣਵੱਤਾ ਢਾਂਚੇ 'ਤੇ ਅਧਾਰਿਤ ਹੈ ਜੋ ਦੇਸ਼ ਭਰ ਵਿੱਚ ਦਵਾਈਆਂ ਦੀ ਸੁਰੱਖਿਆ, ਸਮਰੱਥਾ ਅਤੇ ਮਿਆਰੀਕਰਣ ਨੂੰ ਯਕੀਨੀ ਬਣਾਉਂਦੀ ਹੈ।

## ਕੇਂਦਰੀ ਦਵਾਈ ਮਾਪਦੰਡ ਨਿਯੰਤਰਣ ਸੰਗਠਨ (ਸੀਡੀਐੱਸਸੀਓ)

ਕੇਂਦਰੀ ਔਸ਼ਧੀ ਮਾਪਦੰਡ ਨਿਯੰਤਰਣ ਸੰਗਠਨ (ਸੀਡੀਐੱਸਸੀਓ) ਡ੍ਰਗਸ, ਮੈਡੀਕਲ ਉਪਕਰਣਾਂ ਅਤੇ ਕੌਸਮੈਟਿਕਸ ਲਈ ਭਾਰਤ ਦੀ ਨੈਸ਼ਨਲ ਰੈਗੂਲੇਟਰੀ ਅਥਾਰਿਟੀ ਦੇ ਰੂਪ ਵਿੱਚ ਕੰਮ ਕਰਦਾ ਹੈ। ਇਹ ਉਤਪਾਦਾਂ ਦੀ ਸੁਰੱਖਿਆ, ਗੁਣਵੱਤਾ ਅਤੇ ਪ੍ਰਭਾਵਸ਼ੀਲਤਾ ਨੂੰ ਯਕੀਨੀ ਬਣਾਉਣ ਲਈ ਨਵੀਆਂ ਦਵਾਈਆਂ ਦੀ ਮਨਜ਼ੂਰੀ, ਕਲੀਨਿਕਲ ਟ੍ਰਾਇਲ ਰੈਗੂਲੇਸ਼ਨ, ਇੰਪੋਰਟ ਅਤੇ ਮੈਨੂਫੈਕਚਰਿੰਗ ਲਾਇਸੈਂਸਿੰਗ ਅਤੇ ਫਾਰਮਾਕੋਵਿਜਿਲੈਂਸ (ਦਵਾਈਆਂ ਦੇ ਮਾੜੇ ਪ੍ਰਭਾਵਾਂ) ਦੀ ਨਿਗਰਾਨੀ ਕਰਦਾ ਹੈ। ਇਸ ਦਾ ਰੈਗੂਲੇਟਰੀ ਆਦੇਸ਼ ਡ੍ਰਗਸ ਐਂਡ ਕੌਸਮੈਟਿਕਸ ਐਕਟ, 1940, ਅਤੇ ਉਸ ਨਾਲ ਸਬੰਧਿਤ ਨਿਯਮਾਂ ਦੁਆਰਾ ਨਿਯੰਤ੍ਰਿਤ ਹੁੰਦਾ ਹੈ, ਜਿਨ੍ਹਾਂ ਨੂੰ ਸਮੇਂ-ਸਮੇਂ 'ਤੇ ਉਭਰ ਰਹੀਆਂ ਵਿਗਿਆਨਿਕ ਤਕਨੀਕੀ ਪ੍ਰਗਤੀ ਦੇ ਅਨੁਸਾਰ ਸੋਧਿਆ ਜਾਂਦਾ ਹੈ।

## ਨੈਸ਼ਨਲ ਫਾਰਮਾਸਿਊਟੀਕਲ ਪ੍ਰਾਈਸਿੰਗ ਅਥਾਰਿਟੀ (NPPA)

ਨੈਸ਼ਨਲ ਫਾਰਮਾਸਿਊਟੀਕਲ ਪ੍ਰਾਈਸਿੰਗ ਅਥਾਰਿਟੀ (ਐੱਨਪੀਪੀਏ) ਨੂੰ ਡ੍ਰਗਸ ਪ੍ਰਾਈਸ (ਮੁੱਲ ਨਿਯੰਤਰਣ) ਆਦੇਸ਼, 2013' (ਡੀਪੀਸੀਓ) ਦੇ ਪ੍ਰਬੰਧਾਂ ਦੇ ਅਧੀਨ ਦਵਾਈਆਂ ਦੀਆਂ ਕੀਮਤਾਂ ਤੈਅ ਕਰਨ ਅਤੇ ਉਨ੍ਹਾਂ ਵਿੱਚ ਸੋਧ ਕਰਨ ਦੀ ਜ਼ਿੰਮੇਦਾਰੀ ਸੌਂਪੀ ਗਈ ਹੈ। ਇਸ ਦੇ ਨਾਲ, ਇਹ ਹੁਕਮ ਦੀ ਪਾਲਣਾ ਦੀ ਨਿਗਰਾਨੀ ਕਰਦਾ ਹੈ, ਜ਼ਰੂਰੀ ਦਵਾਈਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਂਦਾ ਹੈ ਅਤੇ ਡ੍ਰਗਸ ਪੌਲਿਸੀ ਬਾਰੇ ਸਲਾਹ ਦਿੰਦਾ ਹੈ। ਇਸ ਆਦੇਸ਼ ਦਾ ਪ੍ਰਬੰਧਨ ਐੱਨਪੀਪੀਏ ਦੁਆਰਾ ਦਵਾਈ ਵਿਭਾਗ ਦੀ ਤਰਫੋਂ ਉਸ ਨੂੰ ਸੌਂਪੇ ਗਏ ਅਧਿਕਾਰੀਆਂ ਦੇ ਤਹਿਤ ਕੀਤਾ ਜਾਂਦਾ ਹੈ।

## ਇੰਡੀਅਨ ਫਾਰਮਾਕੋਪਿਆ ਕਮਿਸ਼ਨ (ਆਈਪੀਸੀ)

ਭਾਰਤ ਸਰਕਾਰ ਨੇ ਇੰਡੀਅਨ ਫਾਰਮਾਕੋਪਿਆ ਕਮਿਸ਼ਨ ਦੀ ਸਥਾਪਨਾ ਕੀਤੀ, ਜਿਸ ਨਾਲ ਇੰਡੀਅਨ ਫਾਰਮਕੋਪਿਆ ਦੀ ਸਮੇਂ ਸਿਰ ਪ੍ਰਕਾਸ਼ਨ ਦੀ ਦੇਖਰੇਖ ਕੀਤੀ ਜਾ ਸਕੇ, ਜੋ ਡ੍ਰਗਸ ਅਤੇ ਕੌਸਮੈਟਿਕਸ ਐਕਟ, 1940 ਦੇ ਅਧੀਨ ਦਵਾਈਆਂ ਦੀਆਂ ਮਿਆਰਾਂ ਦਾ ਅਧਿਕਾਰਤ ਸੰਗ੍ਰਹਿ ਹੈ। ਇਹ ਫਾਰਮਾਕੋਪਿਆ ਭਾਰਤ ਵਿੱਚ ਬਜ਼ਾਰ ਵਿੱਚ ਮੌਜੂਦ ਦਵਾਈਆਂ ਲਈ ਉਨ੍ਹਾਂ ਦੀ ਪਛਾਣ, ਸ਼ੁੱਧਤਾ ਦੇ ਮਿਆਰ ਨੂੰ ਨਿਰਧਾਰਿਤ ਕਰਦਾ ਹੈ, ਜਿਸ ਨਾਲ ਪੂਰੇ ਫਾਰਮਾਸਿਊਟਿਕਲ ਸਿਸਟਮ ਵਿੱਚ ਇੱਕ ਸਮਾਨ ਗੁਣਵੱਤਾ ਯਕੀਨੀ ਹੁੰਦੀ ਹੈ। 19 ਦੇਸ਼ਾਂ ਵਿੱਚ ਪ੍ਰਮਾਣਿਕਤਾ ਪ੍ਰਾਪਤ ਇਹ ਦਸਤਾਵੇਜ਼ ਇੱਕ ਪ੍ਰਮੁੱਖ ਵਿਗਿਆਨੀ ਅਤੇ ਰੈਗੂਲੇਟਰੀ ਸੰਦਰਭ ਦੇ ਰੂਪ ਵਿੱਚ ਕਾਰਜਸ਼ੀਲ ਹੈ, ਜੋ ਭਾਰਤ ਦੀਆਂ ਤਕਨੀਕੀ ਅਤੇ ਰੈਗੂਲੇਟਰੀ ਸਮਰੱਥਾਵਾਂ ‘ਤੇ ਵਧ ਰਹੇ ਅੰਤਰਰਾਸ਼ਟਰੀ ਭਰੋਸੇ ਨੂੰ ਦਰਸਾਉਂਦਾ ਹੈ।

ਅਜਿਹਾ ਮਜ਼ਬੂਤ ਰੈਗੂਲੇਟਰੀ ਸਿਸਟਮ ਨਾ ਸਿਰਫ਼ ਜਨਤਕ-ਸਿਹਤ ਦੀ ਰੱਖਿਆ ਕਰ ਰਿਹਾ ਹੈ, ਸਗੋਂ ਭਾਰਤੀ ਫਾਰਮਾਸਿਊਟਿਕਲਸ ਵਿੱਚ ਵਿਸ਼ਵਵਿਆਪੀ ਭਰੋਸੇ ਨੂੰ ਵੀ ਮਜ਼ਬੂਤ ਕਰ ਰਿਹਾ ਹੈ। ਇਸ ਖੇਤਰ ਵਿੱਚ ਵਿਕਾਸ, ਨਿਰਯਾਤ ਅਤੇ ਨਵੀਨਤਾ ਨੂੰ ਬਣਾਈ ਰੱਖਣ ਦੇ ਲਈ ਇਹ ਅਧਾਰ ਬਹੁਤ ਮਹੱਤਵਪੂਰਨ ਹੈ।

## ਸਿੱਟਾ

ਭਾਰਤ ਦਾ ਫਾਰਮਾਸਿਊਟਿਕਲ ਸਿਸਟਮ ਹੁਣ ਇੱਕ ਵਿਸ਼ਵ ਪੱਧਰ 'ਤੇ ਏਕੀਕ੍ਰਿਤ ਅਤੇ ਨੀਤੀ-ਸਮਰਥਿਤ ਪ੍ਰਣਾਲੀ ਦੇ ਰੂਪ ਵਿੱਚ ਵਿਕਸਿਤ ਹੋ ਚੁੱਕਿਆ ਹੈ, ਜੋ ਵੱਡੇ ਪੱਧਰ ‘ਤੇ, ਕਿਫਾਇਤੀ ਅਤੇ ਰੈਗੂਲੇਟਰੀ ਭਰੋਸੇਯੋਗਤਾ ਦਾ ਸੁਮੇਲ ਹੈ। ਮਜ਼ਬੂਤ ਉਤਪਾਦਨ ਸਮਰੱਥਾ, ਵਧ ਰਹੇ ਐਕਸਪੋਰਟ, ਵਧਦਾ ਵਿਦੇਸ਼ੀ ਨਿਵੇਸ਼ ਅਤੇ ਟੀਚਾਬੱਧ ਸਰਕਾਰੀ ਯੋਜਨਾਵਾਂ ਇਨ੍ਹਾਂ ਸਾਰਿਆਂ ਨੇ ਮਿਲ ਕੇ ਘਰੇਲੂ ਉਤਪਾਦਨ ਨੂੰ ਮਜ਼ਬੂਤ ਕੀਤਾ ਹੈ, ਆਯਾਤ 'ਤੇ ਨਿਰਭਰਤਾ ਘੱਟ ਕੀਤੀ ਹੈ ਅਤੇ ਵਿਸ਼ਵ

ਬਜ਼ਾਰ ਵਿੱਚ ਭਾਰਤ ਦੀ ਮੌਜੂਦਗੀ ਦਾ ਵਿਸਥਾਰ ਕੀਤਾ ਹੈ। ਇਸ ਦੇ ਨਾਲ ਹੀ, ਕਿਫਾਇਤੀ ਪਹੁੰਚ, ਨਵੀਨਤਾ, ਗੁਣਵੱਤਾ ਅਤੇ ਭਰੋਸਾ ਅਤੇ ਰੈਗੂਲੇਟਰੀ ਨਿਰੀਖਣਾਂ ਨੂੰ ਪ੍ਰਫੁੱਲਤ ਕਰਨ ਵਾਲੀਆਂ ਪਹਿਲਕਦਮੀਆਂ ਨਾਲ ਜਨਤਕ ਸਿਹਤ ਨਤੀਜਿਆਂ ਅਤੇ ਅੰਤਰਰਾਸ਼ਟਰੀ ਭਰੋਸੇ ਨੂੰ ਹੋਰ ਮਜ਼ਬੂਤ ਕੀਤਾ ਹੈ। ਯੂਰੋਪੀਅਨ ਯੂਨੀਅਨ, ਯੂਨਾਈਟਿਡ ਕਿੰਗਡਮ ਅਤੇ ਨਿਊਜ਼ੀਲੈਂਡ ਦੇ ਨਾਲ ਪ੍ਰਸਤਾਵਿਤ ਅਤੇ ਹਾਲ ਹੀ ਵਿੱਚ ਵਪਾਰਕ ਸਮਝੌਤਿਆਂ ਨਾਲ ਭਾਰਤ ਦੇ ਫਾਰਮਾਸਿਊਟਿਕਲ ਅਤੇ ਮੈਡੀਕਲ ਉਪਕਰਣ ਖੇਤਰ ਦੇ ਹੋਰ ਜ਼ਿਆਦਾ ਮਜ਼ਬੂਤ ਹੋਣ ਦੀ ਉਮੀਦ ਹੈ।

ਇਹ ਸਮਝੌਤੇ ਬਜ਼ਾਰ ਪਹੁੰਚ ਦਾ ਵਿਸਥਾਰ ਕਰਨਗੇ ਅਤੇ ਇਸ ਖੇਤਰ ਵਿੱਚ ਭਾਰਤ ਦੇ ਵਿਸ਼ਵ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨਗੇ। ਇਹ ਸਾਰੇ ਤੱਤ ਮਿਲ ਕੇ ਭਾਰਤ ਦੇ ਫਾਰਮਾਸਿਊਟਿਕਲਸ ਖੇਤਰ ਨੂੰ ਇੱਕ ਸਥਿਰ ਅਤੇ ਪ੍ਰਗਤੀਸ਼ੀਲ ਰਾਹ 'ਤੇ ਸਥਾਪਿਤ ਕਰਦੇ ਹਨ, ਜੋ ਲਗਾਤਾਰ ਵਿਕਾਸ, ਸਮਾਜਿਕ ਵਿਕਾਸ ਅਤੇ ਲੰਬੇ ਸਮੇਂ ਦੀ ਮਜ਼ਬੂਤੀ ਦਾ ਸਮਰਥਨ ਕਰਦੇ ਹਨ।

**ਰਸਾਇਣ ਅਤੇ ਖਾਦ ਮੰਤਰਾਲਾ**


ਹਵਾਲੇ

Ministry of Chemicals and Fertilizers
https://pharma-dept.gov.in/about-department
https://pharma-dept.gov.in/sites/default/files/Final%20English%202024-25%20AR%20%281%29.pdf
https://pharma-dept.gov.in/sites/default/files/REVISED%20GUIDELINES%20FOR%20BULK%20DRUGS-29-10-2020_1.pdf
National Pharmaceutical Pricing Authority
https://www.pib.gov.in/PressReleasePage.aspx?PRID=2211784&reg=3&lang=1
https://www.pib.gov.in/PressReleasePage.aspx?PRID=2204595
https://www.pib.gov.in/PressReleasePage.aspx?PRID=2202998&reg=3&lang=2
https://www.pib.gov.in/PressReleasePage.aspx?PRID=2227631&reg=3&lang=2#:~:text=are%20as%20under:-,(i)%20Scheme%20for%20Promotion%20of%20Medical%20Devices%20Parks:%20The,Linked%20Incentive%20(PLI)%20Scheme:
https://www.pib.gov.in/PressReleseDetail.aspx?PRID=2239584&reg=3&lang=1
https://sansad.in/getFile/loksabhaquestions/annex/187/AU2319_i4TQx1.pdf?source=pqals
Ministry of Finance
https://www.indiabudget.gov.in/economicsurvey/doc/echapter.pdf
https://www.indiabudget.gov.in/doc/budget_speech.pdf
Ministry of Health & Family Welfare
https://cdsco.gov.in/opencms/opencms/en/Home/
Formation of IPC - Indian Pharmacopoeia Commission
https://www.pib.gov.in/PressReleasePage.aspx?PRID=2208908&reg=3&lang=2
Ministry of Commerce and Industry
https://www.ibef.org/industry/pharmaceutical-india
https://niryat.gov.in/#?start_date=202404&end_date=202503&sort_table=export_achieved-sort-desc&commodity_group_id=6&commodity_id=22&table=region&view=pills-cdv-tab
https://www.pib.gov.in/PressReleasePage.aspx?PRID=2205547&reg=3&lang=2
https://www.pib.gov.in/PressReleasePage.aspx?PRID=2214961&reg=3&lang=1#:~:text=in%20December%202025.-,Drugs%20&%20Pharmaceuticals%20exports%20increased%20by%205.65%20%25%20from%20US$%202.49,10.98%20Billion%20in%20December%202025.
https://static.pib.gov.in/WriteReadData/specificdocs/documents/2026/feb/doc2026216793101.pdf
https://www.dpiit.gov.in/static/uploads/2026/02/6dc3e8a9fe52d5a412d8e5f41d7b921f.pdf
Ministry of External Affairs
Pharmaceuticals Archives - IndBiz | Economic Diplomacy Division | IndBiz | Economic Diplomacy Division

ਪੀਆਈਬੀ

https://www.pib.gov.in/PressReleasePage.aspx?PRID=2098447&reg=3&lang=2#:~:text=Pharmaceutical%20Exports%20Surge:%20India%2C%20ranked,billion%20in%20FY%202023%2D24.
https://www.pib.gov.in/FeaturesDeatils.aspx?NoteId=157637&ModuleId=2&reg=3&lang=1
https://www.pib.gov.in/PressNoteDetails.aspx?NoteId=157711&ModuleId=3&reg=3&lang=1
https://www.pib.gov.in/PressNoteDetails.aspx?ModuleId=3&NoteId=154945
https://www.pib.gov.in/PressNoteDetails.aspx?ModuleId=3&NoteId=156654


***********

**PIB Research**